# India delivers 6 tons of medical assistance to Afghanistan

June 30, 2022

## ਭਾਰਤ ਨੇ ਅਫਗਾਨਿਸਤਾਨ ਨੂੰ ਦਿੱਤੀ 6 ਟਨ ਡਾਕਟਰੀ ਸਮਾਨ ਦੀ ਸਹਾਇਤਾ

**30 ਜੂਨ, 2022**

1. ਭਾਰਤ ਨੇ ਅੱਜ ਦੇਸ਼ ਦੀ ਮੌਜੂਦਾ ਮਨੁੱਖੀ ਸਹਾਇਤਾ ਦੇ ਹਿੱਸੇ ਵਜੋਂ ਅਫਗਾਨਿਸਤਾਨ ਨੂੰ 6 ਟਨ ਜ਼ਰੂਰੀ ਦਵਾਈਆਂ ਸਮੇਤ ਡਾਕਟਰੀ ਸਹਾਇਤਾ ਦੀ ਸੱਤਵੀਂ ਖੇਪ ਦੀ ਸਪਲਾਈ ਕੀਤੀ। ਇਹ ਖੇਪ ਕਾਬੁਲ ਦੇ ਇੰਦਰਾ ਗਾਂਧੀ ਹਸਪਤਾਲ ਨੂੰ ਸੌਂਪੀ ਗਈ।

2. ਅਫਗਾਨੀ ਲੋਕਾਂ ਦੀ ਮਦਦ ਲਈ ਸੰਯੁਕਤ ਰਾਸ਼ਟਰ ਦੁਆਰਾ ਕੀਤੀਆਂ ਗਈਆਂ ਅਪੀਲਾਂ ਦੇ ਮੱਦੇਨਜ਼ਰ ਭਾਰਤ ਨੇ ਹੁਣ ਤੱਕ ਸੱਤ ਖੇਪਾਂ ਵਿੱਚ 20 ਟਨ ਡਾਕਟਰੀ ਸਮਾਨ ਦੀ ਸਪਲਾਈ ਕੀਤੀ ਹੈ, ਜਿਸ ਵਿੱਚ ਜ਼ਰੂਰੀ ਜੀਵਨ ਬਚਾਊ ਦਵਾਈਆਂ, ਟੀਬੀ-ਰੋਧੀ ਦਵਾਈਆਂ, ਅਤੇ  ਕੋਵਿਡ ਵੈਕਸੀਨ500,000 ਖੁਰਾਕਾਂ ਸ਼ਾਮਲ ਹਨ। ਇਹ ਮੈਡੀਕਲ ਖੇਪ ਆਲਮੀ  ਸਿਹਤ ਸੰਗਠਨ (WHO) ਅਤੇ ਇੰਦਰਾ ਗਾਂਧੀ ਚਿਲਡਰਨ ਹਸਪਤਾਲ (ਕਾਬੁਲ) ਨੂੰ ਸੌਂਪੀ ਗਈ ਹੈ।

3. ਅਫਗਾਨਿਸਤਾਨ ਵਿੱਚ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਨੇ 35,000 ਮੀਟਰਿਕ ਟਨ ਕਣਕ ਦੀ ਖੁਰਾਕ ਸਹਾਇਤਾ ਪ੍ਰਦਾਨ ਕੀਤੀ ਹੈ। ਇਸ ਤੋਂ ਛੁੱਟ ਹਾਲੀਆ  ਦੁਖਦਾਈ ਭੂਚਾਲ ਦੇ ਮੱਦੇਨਜ਼ਰ ਭਾਰਤ ਨੇ ਪਹਿਲੇ ਮਦਦਗਾਰ ਵਜੋਂ ਦੋ ਰਾਹਤ ਉਡਾਣਾਂ ਰਾਹੀਂ ਲਗਭਗ 28 ਟਨ ਭੂਚਾਲ ਰਾਹਤ ਸਹਾਇਤਾ ਭੇਜੀ ਹੈ। ਇਹ ਰਾਹਤ ਖੇਪ ਸੰਯੁਕਤ ਰਾਸ਼ਟਰ ਦੇ ਮਨੁੱਖੀ ਮਾਮਲੇ ਤਾਲਮੇਲ ਦਫਤਰ (UNOCHA), ਸੰਯੁਕਤ ਰਾਸ਼ਟਰ ਆਲਮੀ ਖੁਰਾਕ ਪ੍ਰੋਗਰਾਮ (WFP) ਅਤੇ ਅਫਗਾਨ ਰੈੱਡ ਕ੍ਰੀਸੈਂਟ ਸੋਸਾਇਟੀ (ARCS) ਨੂੰ ਸੌਂਪੀਣ ਗਈਆਂ। ਇਸ ਤੋਂ ਛੁੱਟ ਭਾਰਤ ਜ਼ਮੀਨ 'ਤੇ ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਨਾਲ ਤਾਲਮੇਲ ਕਰਕੇ ਅਫਗਾਨਿਸਤਾਨ ਨੂੰ ਹੋਰ ਡਾਕਟਰੀ ਅਤੇ ਕਣਕ ਦੀ ਸਹਾਇਤਾ ਭੇਜਣ ਦੀ ਪ੍ਰਕਿਰਿਆ ਵਿਚ ਹੈ।

ਨਵੀਂ ਦਿੱਲੀ

30 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.